# ਪੀਲ ਦਾ ਕਮਿਊਨਿਟੀ ਸੁਰੱਖਿਆ ਅਤੇ ਭਲਾਈ ਯੋਜਨਾ ਸਾਰ



# ਪੀਲ ਦਾ ਕਮਿਊਨਿਟੀ ਸੁਰੱਖਿਆ ਅਤੇ ਭਲਾਈ ਯੋਜਨਾ ਸਾਰ

2018 ਤੋਂ, ਪੀਲ ਵਿੱਚ ਸੰਸਥਾਵਾਂ ਪੀਲ ਦੀ ਕਮਿਊਨਿਟੀ ਸੁਰੱਖਿਆ ਅਤੇ ਭਲਾਈ (ਸੀਐਸਡਬਲਿਊਬੀ - CSWB) ਯੋਜਨਾ ਸਿਰਜਣ ਲਈ ਇਕੱਠੇ ਕੰਮ ਕਰ ਰਹੀਆਂ ਹਨ।

ਯੋਜਨਾ ਦਾ ਮਾਰਗਦਰਸ਼ਨ ਮਿਨਿਸਟ੍ਰੀ ਔਫ ਦ ਸੌਲੀਸਮਟਰ ਜਨਰਲ ਦੇ ਕਮਿਊਨਿਟੀ ਸੇਫਟੀ ਅਤੇ ਵੈਲ-ਬੀਇੰਗ ਫਰੇਮਵਰਕ (Ministry of the Solicitor General's Community and Well-being Planning Framework) ਦੁਆਰਾ ਕੀਤਾ ਜਾਂਦਾ ਹੈ, ਜਿਹੜਾ ਕਮਿਊਨਿਟੀ ਸੇਫਟੀ ਅਤੇ ਕੁਸ਼ਲਤਾ ਨੂੰ ਟਿਕਾਊ ਕਮਿਊਨਿਟੀ ਦੀ ਉਸ ਆਦਰਸ਼ ਅਵਸਥਾ ਦੀ ਤਰ੍ਹਾਂ ਪਰਿਭਾਸ਼ਿਤ ਕਰਦਾ ਹੈ ਜਿਥੇ ਹਰ ਕੋਈ ਸੁਰੱਖਿਅਤ ਹੈ, ਉਨ੍ਹਾਂ ਵਿੱਚ ਹਿੱਸਾ ਹੋਣ ਦੀ ਭਾਵਨਾ ਹੈ, ਭਾਗ ਲੈਣ ਲਈ ਮੌਕੇ ਹਨ ਅਤੇ ਜਿਥੇ ਵਿਅਕਤੀ ਅਤੇ ਪਰਿਵਾਰ ਸਿੱਖਿਆ, ਸਿਹਤ ਦੇਖਭਾਲ, ਭੋਜਨ, ਰਿਹਾਇਸ਼, ਆਮਦਨੀ ਅਤੇ ਸਮਾਜਿਕ ਅਤੇ ਸਭਿਆਚਾਰਕ ਪ੍ਰਗਟਾਵੇ ਲਈ ਉਨ੍ਹਾਂ ਦੀਆਂ ਲੋੜਾਂ ਨੂੰ ਪੂਰਾ ਕਰਨ ਦੇ ਕਾਬਲ ਹੁੰਦੇ ਹਨ।

ਯੋਜਨਾ ਦੇ ਇਸ ਪਹਿਲੇ ਦੁਹਰਾਉ (iteration) ਦੇ ਲਈ ਫੋਕਸ ਦੇ ਖੇਤਰਾਂ ਵਿੱਚ **ਪਰਿਵਾਰਕ ਹਿੰਸਾ, ਮਾਨਸਿਕ ਸਿਹਤ ਅਤੇ ਝੱਸਾਂ (addictions) ਅਤੇ ਸੰਸਥਾਤਮਕ ਭੇਦਭਾਵ** ਸ਼ਾਮਿਲ ਹਨ। ਯੋਜਨਾ ਤਿੰਨੋਂ ਖੇਤਰਾਂ ਵਿੱਚ ਸਾਡੀ ਕਮਿਊਨਿਟੀ ਵਿੱਚ ਨੌਜਵਾਨਾਂ ਅਤੇ ਪਰਿਵਾਰਾਂ ਦੀਆਂ ਲੋੜਾਂ ਦਾ ਮੁਆਇਨਾ ਕਰਦੀ ਹੈ। ਯੋਜਨਾ ਦਾ ਪਹਿਲਾ ਦੁਹਰਾਉ ਚਾਰ ਸਾਲ ਦੀ ਸਮੇਂ ਸੀਮਾ ਦੀ ਪਾਲਣਾ ਕਰੇਗਾ ਅਤੇ ਪੀਲ ਨਿਵਾਸੀਆਂ ਦੀਆਂ ਉਭਰਦੀਆਂ ਲੋੜਾਂ ਨੂੰ ਦਰਸਾਉਣ ਲਈ, ਲੋੜ ਅਨੁਸਾਰ, ਸਲਾਨਾ ਤੌਰ ਤੇ ਇਸਦੀ ਸਮੀਖਿਆ ਕੀਤੀ ਜਾਵੇਗੀ ਅਤੇ ਇਸ ਨੂੰ ਅਪਡੇਟ ਕੀਤਾ ਜਾਵੇਗਾ। ਕਮਿਊਨਿਟੀ 'ਤੇ ਕੋਵਿਡ-19 ਦੇ ਪ੍ਰਭਾਵਾਂ ਨੇ ਫੋਕਸ ਦੇ ਤਿੰਨ ਖੇਤਰਾਂ ਦੇ ਅੰਦਰ ਨਿਵਾਸੀਆਂ ਨੂੰ ਸਹਾਰਾ ਦੇਣ ਦੀ ਜ਼ਰੂਰਤ ਨੂੰ ਬਲ ਦਿੱਤਾ ਹੈ।

ਯੋਜਨਾ ਵੱਖ ਵੱਧ ਸੈੱਕਟਰਾਂ ਵਿੱਚ ਇੱਕ ਅਜਿਹੇ ਸਮੂਹਿਕ ਸੁਪਨੇ 'ਤੇ ਕੰਮ ਕਰਨ ਦਾ ਮੌਕਾ ਪੇਸ਼ ਕਰਦੀ ਹੈ ਜਿਸਦਾ ਨਤੀਜਾ ਸਾਡੀ ਕਮਿਊਨਿਟੀ ਲਈ ਲੰਬੀ ਮਿਆਦ ਦਾ ਅਤੇ ਟਿਕਾਊ ਸੁਧਾਰ ਹੋ ਸਕਦਾ ਹੈ।

## ਸੁਪਨਾ

ਪੀਲ ਇੱਕ ਸੁਰੱਖਿਅਤ, ਸੰਮਲਿਤ ਕਰਨ ਵਾਲੀ ਅਤੇ ਜੁੜੀ ਹੋਈ ਕਮਿਊਨਿਟੀ ਹੈ ਜਿਥੇ ਸਾਰੇ ਨਿਵਾਸੀ ਕਾਮਯਾਬ ਹੁੰਦੇ ਹਨ।

## ਮਿਸ਼ਨ

ਅਸੀਂ ਅਜਿਹੀਆਂ ਸੇਵਾਵਾਂ ਅਤੇ ਸਹਾਰਿਆਂ ਤੱਕ ਪਹੁੰਚ ਨੂੰ ਯਕੀਨੀ ਬਣਾਉਣ ਲਈ ਇਕੱਠੇ ਕੰਮ ਕਰਾਂਗੇ ਜਿਹੜੇ ਸਾਰੇ ਪੀਲ ਨਿਵਾਸੀਆਂ ਵਾਸਤੇ ਸੁਰੱਖਿਆ, ਜੁੜਾਅ ਅਤੇ ਭਲਾਈ ਨੂੰ ਅਗੇ ਵਧਾਉਂਦੇ ਹਨ।

### ਯੋਜਨਾ ਲਾਗੂ ਕਰਦੀ ਹੈ:

- ਸਾਡੀ ਸਾਰੀ ਕਮਿਊਨਿਟੀ ਤੋਂ ਲੋਕਾਂ ਨੂੰ ਯੋਜਨਾ ਵਿੱਚ ਯੋਗਦਾਨ ਪਾਉਣ ਲਈ ਸਹਾਰਾ ਦੇਣ ਅਤੇ ਵੱਖ ਵੱਖ ਆਬਾਦੀਆਂ, ਪੀਲ ਦੁਆਰਾ ਸਾਮ੍ਹਣਾ ਕੀਤੇ ਜਾ ਰਹੇ ਮੁੱਦਿਆਂ ਦੁਆਰਾ ਕਿਵੇਂ ਪ੍ਰਭਾਵਿਤ ਹੁੰਦੀਆਂ ਹਨ, ਦਾ ਸਪਸ਼ਟ ਨਜ਼ਾਰਾ ਦਿਖਾਉਣ ਲਈ **ਇਕਵਿਟੀ ਲੈਂਸ।**
- ਇਹ ਸਮਝਣ ਲਈ **ਸਿਹਤ ਦੇ ਸਮਾਜਿਕ ਨਿਰਧਾਰਕ** ਕਿ ਉਹ ਹਾਲਾਤ ਜਿੰਨ੍ਹਾਂ ਵਿੱਚ ਲੋਕ ਪੈਦਾ ਹੁੰਦੇ ਹਨ, ਵੱਧਦੇ ਹਨ, ਕੰਮ ਕਰਦੇ ਹਨ, ਰਹਿੰਦੇ ਹਨ ਅਤੇ ਬਜ਼ੁਰਗ ਹੁੰਦੇ ਹਨ, ਉਨ੍ਹਾਂ ਦੀ ਸਿਹਤ ਅਤੇ ਭਲਾਈ ਨੂੰ ਕਿਵੇਂ ਪ੍ਰਭਾਵਿਤ ਕਰਦੇ ਹਨ।

- ਇਹ ਪਛਾਣਨ ਲਈ **ਸਮੂਹਿਕ ਪ੍ਰਭਾਵ ਪਹੁੰਚ** (collective impact approach) ਕਿ ਜਟਿਲ ਸਮਾਜਿਕ ਸਮੱਸਿਆਵਾਂ ਨੂੰ ਹੱਲ ਕਰਨ ਲਈ ਇੱਕ ਸਾਂਝੇ ਏਜੰਡੇ ਅਤੇ ਸਾਂਝੇ ਨਤੀਜਿਆਂ, ਮਾਪ ਅਤੇ ਕਾਰਵਾਈ ਦੀ ਯੋਜਨਾ ਦੇ ਨਾਲ ਸਮੁੱਚੇ ਭਾਈਚਾਰੇ ਨੂੰ ਕੰਮ ਕਰਨਾ ਪੈਂਦਾ ਹੈ।
- ਸਾਡੀ ਸਥਾਨਕ ਕਮਿਊਨਿਟੀ ਵਿੱਚ ਸੰਪਤੀਆਂ ਅਤੇ ਤਾਕਤਾਂ ਦੀ ਕਦਰ ਕਰਨ ਅਤੇ ਸਾਧਨਾਂ ਨੂੰ ਉਥੇ ਫੋਕਸ ਕਰਨ ਲਈ ਜਿਥੇ ਉਨ੍ਹਾਂ ਦੀ ਲੋੜ ਹੈ ਅਤੇ ਉਸ ਤਰੀਕੇ ਨਾਲ ਜਿਹੜਾ ਸਥਾਨਕ ਤੌਰ ਤੇ ਸਹੀ ਹਨ **ਸਥਾਨ - ਅਧਾਰਿਤ ਪਹੁੰਚ (place-based approach)**।
- ਪੀਲ ਕਮਿਊਨਿਟੀਆਂ ਦੀ ਸਿਹਤ ਅਤੇ ਸੁਰੱਖਿਆ ਨੂੰ ਪ੍ਰਭਾਵਿਤ ਕਰਨ ਵਾਲੇ ਸਮਾਜਿਕ ਕਾਰਕਾਂ ਨੂੰ ਸੰਬੋਧਿਤ ਕਰਨ ਲਈ ਹੱਲ ਵਿਕਸਤ ਕਰਨ ਅਤੇ ਕਾਰਵਾਈ ਕਰਨ ਲਈ **ਅਪਸਟ੍ਰੀਮ (upstream) ਫੋਕਸ।**

## CSWB ਯੋਜਨਾ ਦੇ ਮਹੱਤਵਪੂਰਨ ਚਾਲਕ

- ਪੀਲ ਵਿੱਚ ਕਮਿਊਨਿਟੀ ਸੁਰੱਖਿਆ ਅਤੇ ਕੁਸ਼ਲਤਾ ਨੂੰ ਅਗੇ ਵਧਾਉਣ ਵਾਸਤੇ ਸਰਕਾਰ ਦੇ ਹੋਰ ਸਤਰਾਂ ਕੋਲ ਵਾਧੂ ਸਾਧਨਾਂ/ਫੰਡਿੰਗ ਅਤੇ ਬਰਾਬਰੀ ਵਾਲੀਆਂ ਨੀਤੀਆਂ ਦੇ ਲਈ **ਹਿਮਾਇਤ ਕਰਨਾ** (Advocacy)।
- ਨਿਵਾਸੀਆਂ ਅਤੇ ਕਮਿਊਨਿਟੀ ਪਾਰਟਨਰਾਂ ਦੇ ਨਾਲ **ਸੰਚਾਰ ਅਤੇ ਸ਼ਮੂਲੀਅਤ**।
- ਪ੍ਰਗਤੀ ਅਤੇ ਕਾਮਯਾਬੀ ਦੀ ਨਿਗਰਾਨੀ ਕਰਨ ਲਈ **ਸਾਂਝਾ ਮਾਪ ਅਤੇ ਸੂਚਕ**।

# ਇਕੱਠੇ ਕੰਮ ਕਰਨਾ

CSWB ਯੋਜਨਾ ਦੇ ਵਿਕਾਸ ਨੂੰ ਸੂਚਿਤ ਕਰਨ ਵਾਸਤੇ 400 ਤੋਂ ਵੱਧ ਵਿਅਕਤੀਆਂ ਅਤੇ ਸੰਸਥਾਵਾਂ ਨੇ ਆਪਣੇ ਵਿਚਾਰ ਅਤੇ ਤਜਰਬੇ ਸਾਂਝੇ ਕੀਤੇ। ਕੁਲ ਮਿਲਾ ਕੇ, ਸਲਾਹ ਮਸ਼ਵਰਿਆਂ ਨੇ ਪੀਲ-ਵਿਸ਼ਿਸ਼ਟ ਡਾਟਾ, ਹੋਰ ਵਿਵਿਧ ਅਤੇ ਨਿਰੰਤਰ ਸ਼ਮੂਲੀਅਤ, ਅਤੇ ਫੋਕਸ ਦੇ ਹਰੇਕ ਖੇਤਰ ਵਿੱਚ ਹੋਰ ਜਾਗਰੂਕਤਾ ਦੇ ਨਿਰਮਾਣ ਲਈ ਲੋੜ ਦਾ ਸੰਕੇਤ ਦਿੱਤਾ - ਸਭ ਕੁਝ ਇਕਵਿਟੀ ਅਤੇ ਇੰਟਰਸੈਕਸ਼ਨਲ ਲੈਂਸ ਦੇ ਨਾਲ। ਭਾਗ ਲੈਣ ਵਾਲਿਆਂ ਵਿੱਚ ਸਹਿਮਤੀ ਸੀ ਕਿ ਇੰਨ੍ਹਾਂ ਮੁੱਦਿਆਂ ਵਿੱਚ ਪ੍ਰਗਤੀ ਕਰਨ ਲਈ ਜ਼ਰੂਰੀ ਤੌਰ ਤੇ ਕਾਰਜ ਕਰਨ ਦੀ ਭਾਵਨਾ ਅਤੇ ਜਵਾਬਦੇਹੀ ਵਿਕਸਤ ਕਰਨ ਦੀ ਲੋੜ ਹੈ।

ਫਲਸਰੂਪ, ਸਾਡੀ CSWB ਯੋਜਨਾ ਦਾ ਟੀਚਾ ਇਹ ਮੁਹੱਈਆ ਕਰਨਾ ਹੋਵੇਗਾ:

- ਸਾਰੇ ਸਿਹਤ ਅਤੇ ਸਮਾਜਿਕ ਸਿਸਟਮਾਂ ਦੇ ਵਿੱਚ ਸੁਧਰਿਆ ਹੋਇਆ ਤਾਲਮੇਲ, ਸਹਿਯੋਗ ਅਤੇ ਸਫ਼ਬੰਦੀ
- ਸਿਸਟਮ ਵਿੱਚ ਵਕਫ਼ਿਆਂ ਨੂੰ ਟ੍ਰੈਕ ਕਰਨ ਲਈ ਜਾਣਕਾਰੀ ਨੂੰ ਸਾਂਝਾ ਕਰਨਾ ਅਤੇ ਕਾਰਗੁਜ਼ਾਰੀ ਨੂੰ ਮਾਪਣਾ
- ਪ੍ਰਾਥਮਿਕਤਾ ਵਾਲੇ ਜੋਖਮਾਂ ਅਤੇ ਅਧਿਕਾਰਰਹਿਤ ਸਮੂਹਾਂ ਅਤੇ ਗੁਆਢਾਂ ਦੀ ਵਧੀ ਹੋਈ ਸਮਝ ਅਤੇ ਉਨ੍ਹਾਂ ਤੇ ਫੋਕਸ
- ਨਵੀਆਂ ਜਾਂ ਸੁਧਰੀਆਂ ਹੋਈਆਂ ਸੇਵਾਵਾਂ ਅਤੇ ਪ੍ਰੋਗਰਾਮ

ਪੁਲਿਸ ਅਤੇ ਐਮਰਜੈਂਸੀ ਸੇਵਾਵਾਂ, ਸਕੂਲ ਬੋਰਡਾਂ, ਸਿਹਤ ਅਤੇ ਸਮਾਜਿਕ ਸੇਵਾ ਪ੍ਰਦਾਤਾਵਾਂ ਅਤੇ ਸਰਕਾਰਾਂ ਸਮੇਤ 25 ਤੋਂ ਵੱਧ ਸੰਸਥਾਵਾਂ, ਯੋਜਨਾ ਦੇ ਸਿਸਟਮ ਲੀਡਰਸ਼ਿਪ ਟੇਬਲ ਅਤੇ ਫੋਕਸ ਦੇ ਹਰੇਕ ਖੇਤਰ ਦੁਆਲੇ ਕਾਰਵਾਈ ਟੇਬਲਾਂ ਦਾ ਹਿੱਸਾ ਹਨ ਅਤੇ ਪੀਲ ਨਿਵਾਸੀਆਂ ਦੇ ਜੀਵਨਾਂ ਵਿੱਚ ਫ਼ਰਕ ਲਿਆਉਣ ਲਈ ਸਾਡੀ ਕਮਿਊਨਿਟੀ ਦੇ ਨਾਲ ਇਕੱਠੇ ਮਿਲ ਕੇ ਕੰਮ ਕਰਨ ਲਈ ਵਚਨਬੱਧ ਹਨ।

# ਟੀਚੇ, ਰਣਨੀਤੀਆਂ ਅਤੇ ਨਤੀਜੇ

ਯੋਜਨਾ ਨੂੰ ਵਿਕਸਤ ਕਰਨ ਵਿੱਚ ਸ਼ਾਮਿਲ ਲੋਕਾਂ ਨੇ ਸਵੀਕਾਰ ਕੀਤਾ ਕਿ ਕੋਈ ਵੀ ਸੰਸਥਾ ਇੰਨ੍ਹਾਂ ਮੁੱਦਿਆਂ ਨਾਲ ਇਕੱਲੇ ਨਹੀਂ ਨਜਿੱਠ ਸਕਦੀ। ਇਕੱਠੇ ਮਿਲ ਕੇ, ਉਨ੍ਹਾਂ ਨੇ ਫੋਕਸ ਦੇ ਹਰੇਕ ਖੇਤਰ ਦੇ ਲਈ ਟੀਚੇ ਅਤੇ ਰਣਨੀਤੀਆਂ ਵਿਕਸਤ ਕੀਤੀਆਂ ਜਿੰਨ੍ਹਾਂ ਨੂੰ ਪ੍ਰਾਪਤ ਕਰਨ ਲਈ ਉਹ ਸਹਿਯੋਗ ਨਾਲ ਕੰਮ ਕਰਨਗੇ।

## ਪਰਿਵਾਰਕ ਹਿੰਸਾ

**ਟੀਚਾ:** **ਸੁਰੱਖਿਆ ਵੱਲ ਪੀਲ ਦੇ ਰਾਹਾਂ ਨੂੰ ਸਿਰਜਣਾ ਅਤੇ ਮਜ਼ਬੂਤ ਕਰਨਾ**

**ਰਣਨੀਤੀ 1:** ਉੱਚ ਲੋੜਾਂ ਵਾਲੇ ਖੇਤਰਾਂ ਅਤੇ ਦੁਰਵਿਹਾਰ ਦੇ ਪੀੜਤਾਂ ਵਾਸਤੇ ਮੌਜੂਦਾ ਸੇਵਾਵਾਂ ਅਤੇ ਸਹਾਰਿਆਂ ਵਿੱਚ ਨਾਕਾਬਲਿਅਤਾਂ ਦੀ ਪਛਾਣ ਕਰਨ ਲਈ ਸੁਰੱਖਿਆ ਵੱਲ ਪੀਲ ਦੇ ਮੌਜੂਦਾ ਰਾਹਾਂ ਦੀ ਸਿਸਟਮ ਮੈਪਿੰਗ ਤੇ ਕੰਮ ਕਰਨਾ

**ਨਤੀਜੇ:**

- ਦੁਰਵਿਹਾਰ ਦੇ ਪੀੜਤਾਂ ਵਾਸਤੇ ਸੇਵਾਵਾਂ ਅਤੇ ਸਹਾਰਿਆਂ ਤੱਕ ਸੁਧਰੀ ਹੋਈ ਪਹੁੰਚ

**ਰਣਨੀਤੀ 2:** ਔਰਤਾਂ ਵਿਰੁੱਧ ਹਿੰਸਾ ਸੈੱਕਟਰ ਵਿੱਚ ਡਾਟਾ ਸੰਕਲਨ, ਪ੍ਰਬੰਧਨ ਅਤੇ ਰਿਪੋਰਟਿੰਗ ਅਭਿਆਸਾਂ ਨੂੰ ਸੁਧਾਰਨਾ

**ਨਤੀਜੇ:**

- ਸੁਧਰਿਆ ਹੋਇਆ ਡਾਟਾ ਸੰਕਲਨ, ਵਿਸ਼ਲੇਸ਼ਣ ਅਤੇ ਡਾਟਾ ਸਾਂਝਾ ਕਰਨਾ
- ਪੀਲ ਵਿੱਚ ਕਲਾਇੰਟ ਆਬਾਦੀਆਂ ਅਤੇ ਲੋੜ ਦੀ ਸੁਧਰੀ ਹੋਈ ਸਮਝ

**ਰਣਨੀਤੀ 3:** ਔਰਤਾਂ ਵਿਰੁੱਧ ਹਿੰਸਾ ਸੈੱਕਟਰ ਵਿੱਚ ਅਤੇ ਕੋਵਿਡ-19 ਦੀ ਪ੍ਰਤੀਕਿਰਿਆ ਵਿੱਚ ਪਰਿਵਾਰਕ ਹਿੰਸਾ ਵਿੱਚ ਕੰਮ ਕਰ ਰਹੇ ਹਿੱਸੇਦਾਰਾਂ ਦੀਆਂ ਸਹਿਯੋਗੀ ਕੋਸ਼ਿਸ਼ਾਂ ਤੋਂ ਸਿੱਖਣਾ ਅਤੇ ਉਨ੍ਹਾਂ ਦਾ ਸਮਰਥਨ ਕਰਨਾ

**ਨਤੀਜੇ:**

- ਸਾਰੇ ਸੈੱਕਟਰ ਵਿੱਚ ਸੁਧਰੀਆਂ ਹੋਈਆਂ ਭਾਗੀਦਾਰੀਆਂ ਅਤੇ ਸਹਿਯੋਗੀ ਨੈੱਟਵਰਕ
- ਮਹਾਮਾਰੀ ਅਤੇ ਰਿਕਵਰੀ ਦੌਰਾਨ ਸਹਾਰਿਆਂ ਤੱਕ ਸੁਧਰੀ ਹੋਈ ਪਹੁੰਚ

**ਟੀਚਾ:** **ਪਰਿਵਾਰਕ ਹਿੰਸਾ ਦੀ ਜਾਗਰੂਕਤਾ ਅਤੇ ਜਨਤਕ ਸਿੱਖਿਆ ਨੂੰ ਵਧਾਉਣਾ**

**ਰਣਨੀਤੀ 1:** ਪਰਿਵਾਰਕ ਹਿੰਸਾ ਅਤੇ ਨਿਕਟਵਰਤੀ ਪਾਰਟਨਰ ਸਿੱਖਿਆ ਅਤੇ ਜਾਗਰੂਕਤਾ ਮੁਹਿੰਮ ਵਿਕਸਤ ਕਰਨਾ

**ਨਤੀਜੇ:**

- ਨਿਵਾਸੀਆਂ ਵਿੱਚ ਪਰਿਵਾਰਕ ਹਿੰਸਾ ਦੇ ਕਮਿਊਨਿਟੀ ਮੁੱਦੇ ਵਜੋਂ ਵਧੀ ਹੋਈ ਜਾਗਰੂਕਤਾ
- ਨਿਵਾਸੀਆਂ ਵਿੱਚ ਦੁਰਵਿਹਾਰ ਦੇ ਸ਼ਿਕਾਰਾਂ ਲਈ ਉਪਲਬਧ ਮੌਜੂਦਾ ਸੇਵਾਵਾਂ ਬਾਰੇ ਵੱਧੀ ਹੋਈ ਜਾਗਰੂਕਤਾ

## ਮਾਨਸਿਕ ਸਿਹਤ ਅਤੇ ਝੱਸਾਂ (addictions)

**ਟੀਚਾ:** **ਨੌਜਵਾਨਾਂ ਅਤੇ ਪਰਿਵਾਰਾਂ ਵਿੱਚ ਮਾਨਸਿਕ ਸਿਹਤ ਅਤੇ ਸਕਾਰਾਤਮਕ ਰਿਸ਼ਤਿਆਂ ਨੂੰ ਪ੍ਰਫੁੱਲਤ ਕਰਨਾ**

**ਰਣਨੀਤੀ 1:** ਸਹਾਇਕ ਵਾਤਾਵਰਨਾਂ ਨੂੰ ਉਤਸ਼ਾਹਿਤ ਕਰਨ ਲਈ ਅਤੇ ਨੌਜਵਾਨਾਂ ਨੂੰ ਸੰਬੰਧ ਬਣਾਉਣ ਅਤੇ ਹੁਨਰ ਵਿਕਸਤ ਕਰਨ ਵਿੱਚ ਸਹਾਇਤਾ ਕਰਨ ਲਈ ਪੀਲ ਵਿੱਚ ਮੌਜੂਦਾ ਨੌਜਵਾਨ ਪਹਿਲਾਂ ਅਤੇ ਨੌਜਵਾਨਾਂ ਦੀ ਸੇਵਾ ਕਰਨ ਵਾਲੀਆਂ ਸੰਸਥਾਵਾਂ ਦੇ ਨਾਲ ਕੰਮ ਕਰਨਾ।

**ਨਤੀਜੇ**:

- ਵੱਧ ਨੌਜਵਾਨ ਕਮਿਊਨਿਟੀ ਵਿੱਚ ਸੁਰੱਖਿਅਤ, ਜੁੜਿਆ ਹੋਇਆ ਅਤੇ ਸਮਰਥਿਤ ਮਹਿਸੂਸ ਕਰਦੇ ਹਨ।

**ਟੀਚਾ:** **ਰਾਹਾਂ ਨੂੰ ਸਰਲ ਬਣਾ ਕੇ ਅਤੇ ਕੋਸ਼ਿਸ਼ਾਂ ਵਿੱਚ ਸਹਿਯੋਗ ਕਰਕੇ ਨੌਜਵਾਨਾਂ ਵਾਸਤੇ ਮਾਨਸਿਕ ਸਿਹਤ ਅਤੇ ਐਡਿਕਸ਼ਨ (MHA) ਸੇਵਾਵਾਂ ਅਤੇ ਸਹਾਰਿਆਂ ਤੱਕ ਪਹੁੰਚ ਨੂੰ ਸੁਧਾਰਨਾ**

**ਰਣਨੀਤੀ 1:** ਅਜਿਹੇ ਜਵਾਨ ਲੋਕਾਂ ਵਾਸਤੇ ਦੇਖਭਾਲ ਦੇ ਰਾਹਾਂ ਨੂੰ ਬਦਲਣਾ ਜਿੰਨ੍ਹਾਂ ਨੂੰ ਮਾਨਸਿਕ ਸਿਹਤ ਅਤੇ ਝੱਸਾਂ ਸੰਬੰਧੀ ਸਹਾਰਿਆਂ ਤੱਕ ਪਹੁੰਚ ਦੀ ਲੋੜ ਹੈ।

**ਨਤੀਜੇ**:

- MHA ਸੇਵਾਵਾਂ ਅਤੇ ਸਹਾਰਿਆਂ ਵਾਸਤੇ ਸੁਧਰੀ ਹੋਈ ਸਿਸਟਮ ਨੈਵੀਗੇਸ਼ਨ
- ਨੌਜਵਾਨਾਂ ਵਾਸਤੇ MHA ਸੇਵਾਵਾਂ ਅਤੇ ਸਹਾਰਿਆਂ ਤੱਕ ਸੁਧਰੀ ਹੋਈ ਪਹੁੰਚ

**ਰਣਨੀਤੀ 2:** ਸੰਕਟ ਦੀਆਂ ਸਥਿਤੀਆਂ ਵਾਸਤੇ ਜੋਖਮ ਨੂੰ ਘਟਾਉਣ ਲਈ ਪੀਲ ਵਿੱਚ ਸਿਚੂਏਸ਼ਨ ਟੇਬਲ ਵਿਕਸਤ ਕਰਨਾ

**ਨਤੀਜੇ**:

- ਤੀਬਰ ਢੰਗ ਨਾਲ ਵਧੇ ਹੋਏ ਜੋਖਮ ਦੀਆਂ ਵੱਧ ਸਥਿਤੀਆਂ ਦੇ ਅਸਰ ਨੂੰ ਘਟਾਇਆ ਜਾਂਦਾ ਹੈ

## ਸੰਸਥਾਤਮਕ ਭੇਦਭਾਵ

**ਟੀਚਾ:** **ਪੀਲ ਵਿੱਚ ਅੱਤਿਆਚਾਰ ਵਿਰੋਧੀ (anti-oppressive) ਅਤੇ ਨਿਰਪੱਖਤਾ ਸੰਬੰਧੀ ਅਭਿਆਸਾਂ ਅਤੇ ਨੀਤੀਆਂ ਦੀ ਜਨਤਕ ਤੌਰ ਤੇ ਸਮੀਖਿਆ, ਵਿਕਾਸ ਕਰਨਾ ਅਤੇ ਉਨ੍ਹਾਂ ਨੂੰ ਕਾਇਮ ਰੱਖਣਾ**

**ਰਣਨੀਤੀ 1:** ਸਿਸਟਮ ਲੀਡਰਸ਼ਿਪ ਟੇਬਲ ਤੇ ਪਾਰਟਨਰਾਂ ਵਿੱਚ ਵਿਵਿਧਤਾ, ਨਿਰਪੱਖਤਾ ਅਤੇ ਸ਼ਾਮਿਲ ਕਰਨ ਪ੍ਰਤੀ ਵਚਨਬੱਧਤਾ ਦੀ ਮੁੜ ਕੇ ਪੁਸ਼ਟੀ ਕਰਨਾ

**ਨਤੀਜੇ**:

- ਸਿਸਟਮ ਲੀਡਰਸ਼ਿਪ ਟੇਬਲ ਸਸੰਥਾਵਾਂ ਨੇ ਪੀਲ ਵਿੱਚ ਵਿਵਿਧਤਾ, ਨਿਰਪੱਖਤਾ ਅਤੇ ਸ਼ਾਮਿਲ ਕਰਨ ਪ੍ਰਤੀ ਵਚਨਬੱਧਤਾ ਦੀ ਮੁੜ ਕੇ ਪੁਸ਼ਟੀ ਕੀਤੀ ਹੈ

**ਰਣਨੀਤੀ 2:** ਸੀਨੀਅਰ ਲੀਡਰਾਂ ਦੀ ਐਂਟੀ-ਓਪਰੈਸ਼ਨ (anti-oppression) ਅਤੇ ਨਿਰਪੱਖਤਾ ਸੰਬੰਧੀ ਸਮਝ ਅਤੇ ਜਾਗਰੂਕਤਾ ਵਿੱਚ ਵਾਧਾ ਕਰਨਾ

**ਨਤੀਜੇ**:

- ਸੰਸਥਾਤਮਕ ਭੇਦਭਾਵ ਅਤੇ ਸੰਸਥਾਤਮਕ ਨਸਲਵਾਦ ਦੀ ਵਧੀ ਹੋਈ ਸਮਝ
- ਸਸੰਥਾਵਾਂ ਵਿੱਚ ਸ਼ਾਮਿਲ ਹੋ ਸਕਣ ਵਾਲੇ ਅੱਤਿਆਚਾਰ ਵਿਰੋਧੀ (anti-oppression) ਅਤੇ ਨਿਰਪੱਖਤਾ ਸੰਬੰਧੀ ਸਿਧਾਂਤਾਂ ਅਤੇ ਅਭਿਆਸਾਂ ਦੀ ਵਧੀ ਹੋਈ ਸਮਝ

**ਰਣਨੀਤੀ 3:** ਨਿਰਪੱਖਤਾ ਅਤੇ ਸਮਾਵੇਸ਼ ਵਿੱਚ ਸੰਗਠਨਾਤਮਕ ਸਮਰੱਥਾ ਦੇ ਨਿਰਮਾਣ ਅਤੇ ਪ੍ਰਗਤੀ ਬਾਰੇ ਜਨਤਕ ਢੰਗ ਨਾਲ ਰਿਪੋਰਟਿੰਗ

**ਨਤੀਜੇ**:

- ਬੇਸਲਾਈਨ ਇਕੁਇਟੀ ਅਸੈਸਮੈਂਟ (baseline equity assessment) ਪੂਰੀ ਕਰਨ ਵਾਲੀਆਂ ਸਿਸਟਮ ਲੀਡਰਸ਼ਿਪ ਟੇਬਲ ਸੰਸਥਾਵਾਂ ਦੀ ਸੰਖਿਆ ਵਿੱਚ ਵਾਧਾ
- ਸਾਲਾਨਾ ਤੌਰ ਤੇ ਪ੍ਰਗਤੀ ਬਾਰੇ ਰਿਪਰੋਟ ਦੇਣ ਵਾਲੀਆਂ ਸਿਸਟਮ ਲੀਡਰਸ਼ਿਪ ਟੇਬਲ ਸੰਸਥਾਵਾਂ ਦੀ ਸੰਖਿਆ ਵਿੱਚ ਵਾਧਾ
- ਨਿਰਪੱਖਤਾ ਅਤੇ ਸਮਾਵੇਸ਼ ਨੂੰ ਵਧਾਵਾ ਦੇਣ ਵਾਲੀਆਂ ਸੁਧਰੀਆਂ ਹੋਈਆਂ ਸੰਗਠਨਾਤਮਕ ਨੀਤੀਆਂ ਅਤੇ ਅਭਿਆਸ

**ਰਣਨੀਤੀ 4:** ਕਮਿਊਨਿਟੀ ਸੁਰੱਖਿਆ ਅਤੇ ਭਲਾਈ ਯੋਜਨਾ ਦੀਆਂ ਗਤੀਵਿਧੀਆਂ ਨੂੰ ਡਿਜ਼ਾਇਨ ਅਤੇ ਲਾਗੂ ਕਰਨ ਵਿੱਚ ਪ੍ਰਾਪਤ ਕੀਤੇ ਗਏ ਤਜਰਬੇ ਵਾਲੇ ਲੋਕਾਂ ਦੀ ਅਰਥਪੂਰਨ ਸ਼ਮੂਲੀਅਤ ਵਾਸਤੇ ਮੌਕੇ ਸਿਰਜਣ ਲਈ ਰਣਨੀਤੀ ਲਾਗੂ ਕਰਨਾ

**ਨਤੀਜੇ**:

- ਪ੍ਰਾਪਤ ਕੀਤੇ ਗਏ ਤਜਰਬਿਆਂ ਵਾਲਿਆਂ ਵਿਅਕਤੀਆਂ ਕੋਲ CSWB ਦੀ ਯੋਜਨਾਬੰਦੀ ਅਤੇ ਉਸ ਨੂੰ ਲਾਗੂ ਕਰਨ ਵਿੱਚ ਸ਼ਮੂਲੀਅਤ ਦੇ ਵੱਖ ਵੱਖ ਲੈਵਲਾਂ ਲਈ ਮੌਕੇ ਹਨ।

| | |
|---|---|
| **ਟੀਚਾ:** | **ਉਨ੍ਹਾਂ ਦੇ ਉਭਰਨ ਦੇ ਨਾਲ ਬੇਇਨਸਾਫ਼ੀਆਂ ਦੇ ਪ੍ਰਭਾਵ ਦਾ ਮੁਲਾਂਕਣ ਕਰਨ ਅਤੇ ਉਨ੍ਹਾਂ ਦਾ ਜਵਾਬ ਦੇਣ ਲਈ ਡਾਟਾ ਇਕੱਠਾ ਕਰਨ ਅਤੇ ਰਿਪੋਰਟ ਕਰਨ ਸੰਬੰਧੀ ਪ੍ਰਭਾਵਸ਼ਾਲੀ ਅਭਿਆਸਾਂ ਨੂੰ ਲਾਗੂ ਕਰਨਾ** |
| **ਰਣਨੀਤੀ 1:** | ਸਿਸਟਮ ਲੀਡਰਸ਼ਿਪ ਟੇਬਲ ਸੰਸਥਾਵਾਂ ਦੇ ਸਮੂਹ ਦੇ ਨਾਲ ਸਮਾਜਿਕ-ਅੰਕੜਾ ਡਾਟਾ ਸੰਕਲਨ ਦਾ ਸੰਚਾਲਨ ਕਰਨਾ ਅਤੇ ਡਾਟਾ ਸਾਂਝਾ ਕਰਨ ਦੀਆਂ ਵਿਧੀਆਂ ਵਿਕਸਤ ਕਰਨਾ |

**ਨਤੀਜੇ**:

- ਸਮਾਜਿਕ-ਅੰਕੜਾ ਡਾਟਾ ਇਕੱਠਾ ਕਰ ਰਹੀਆਂ ਸੰਸਥਾਵਾਂ ਦੀ ਸੰਖਿਆ ਵਿੱਚ ਵਾਧਾ
- ਕਮਿਊਨਿਟੀ ਸੰਸਥਾਵਾਂ ਦੇ ਵਿੱਚ ਡਾਟਾ ਸਾਂਝਾ ਕਰਨ ਅਤੇ ਸਾਂਝੀਆਂ ਪਰਿਭਾਸ਼ਾਵਾਂ ਵਿੱਚ ਸੁਧਾਰ
- ਨੀਤੀਆਂ ਅਤੇ ਅਭਿਆਸਾਂ ਨੂੰ ਸੂਚਿਤ ਕਰਨ ਲਈ ਪੀਲ ਵਿੱਚ ਅਸਮਾਨਤਾਵਾਂ ਦੀ ਵਧੀ ਹੋਈ ਸਮਝ

## ਅਗਲੇ ਕਦਮ

ਪੀਲ ਦੀ CSWB ਯੋਜਨਾ ਪੀਲ ਵਿੱਚ ਸੁਰੱਖਿਆ ਅਤੇ ਭਲਾਈ ਨੂੰ ਵਧਾਉਣ ਲਈ ਇਕੱਠੇ ਕੰਮ ਕਰਨ ਵਾਸਤੇ ਇੱਕ ਢਾਂਚਾ ਅਤੇ ਪਹੁੰਚ ਸਥਾਪਤ ਕਰਦੀ ਹੈ। ਹੁਣ ਅਤੇ ਭਵਿੱਖ ਵਿੱਚ, ਯੋਜਨਾ ਕਮਿਊਨਿਟੀ ਦੀਆਂ ਉਭਰਦੀਆਂ ਲੋੜਾਂ ਲਈ ਪ੍ਰਤੀਕਿਰਿਆਸ਼ੀਲ ਹੋਵੇਗੀ। ਕਮਿਊਨਿਟੀ ਵਾਸਤੇ ਵਿਚਾਰ ਸਾਂਝੇ ਕਰਨ ਅਤੇ ਸ਼ਾਮਿਲ ਹੋਣ ਦੇ ਨਿਰੰਤਰ ਮੌਕੇ 2024 ਵਿੱਚ ਅਤੇ ਉਸ ਤੋਂ ਪਰੇ ਯੋਜਨਾ ਦਾ ਇੱਕ ਮਹੱਤਵਪੂਰਨ ਹਿੱਸਾ ਹਨ।

ਪੀਲ ਇੱਕ ਸੁਰੱਖਿਅਤ, ਸੰਮਲਿਤ ਕਰਨ ਵਾਲੀ ਅਤੇ ਜੁੜੀ ਹੋਈ ਕਮਿਊਨਿਟੀ, ਜਿਥੇ ਸਾਰੇ ਨਿਵਾਸੀ ਕਾਮਯਾਬ ਹਨ, ਬਣਾਉਣ ਵਿੱਚ ਨਿਭਾਉਣ ਲਈ ਸਾਡੀ ਸਭ ਦੀ ਭੂਮਿਕਾ ਹੈ। ਨਿਰੰਤਰ ਯੋਜਨਾਬੰਦੀ, ਲਾਗੂ ਕਰਨ ਅਤੇ ਸ਼ਮੂਲਿਅਤ ਰਾਹੀਂ, ਅਸੀਂ ਇਕੱਠੇ ਮਿਲ ਕੇ ਅੰਤਰ ਲਿਆਵਾਂਗੇ।

**peelregion.ca/community-safety-wellbeing-plan**

ਪੀਲ ਦੀ ਕਮਿਊਨਿਟੀ ਸੁਰੱਖਿਆ ਅਤੇ ਭਲਾਈ ਯੋਜਨਾ 2020-2024

**peelregion.ca/community-safety-wellbeing-plan**